ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦੇ ਵਿਕਾਸ ਵਿੱਚ ਪ੍ਰਵਾਸੀ ਪੰਜਾਬੀਆਂ ਦਾ ਯੋਗਦਾਨ

ਡਾ. ਨਰਿੰਦਰ ਸਿੰਘ ਤੇਜਾਂ, (ਪਟਿਆਲਾ)।

ਮੋਬਾਇਲ ਨੰ. +919914512182

ਅੱਖਰਾਂ ਵਿੱਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ।

ਡੱਖੜਾਂ ਦੇ ਵਿੱਚ ਰੱਖ ਦਿੱਤਾ ਏ, ਦੀਵਾ ਬਾਲ਼ ਪੰਜਾਬੀ ਦਾ।

ਜਿਹੜੇ ਕਹਿੰਦੇ ਵਿੱਚ ਪੰਜਾਬੀ, ਵੁਸਅਤ ਨਹੀਂ ਤਹਿਜ਼ੀਬ ਨਹੀਂ

ਪੜ੍ਹ ਕੇ ਵੇਖਣ ਵਾਰਸ, ਬੁਲ੍ਹਾ, ਬਾਹੂ ਲਾਲ ਪੰਜਾਬੀ ਦਾ। (ਬਾਬਾ ਨਜ਼ਮੀ)

ਪੰਜਾਬੀ ਨਾਲ਼ ਜਾਣ-ਪਛਾਣ : ਭਾਸ਼ਾ ਨੂੰ ਵਿਚਾਰਾਂ ਦੀ ਪੇਸ਼ਕਾਰੀ ਦਾ ਸਾਧਨ ਮੰਨਿਆ ਜਾਂਦਾ ਹੈ। ਓਟੋ ਜੈਸਪਰਸਨ ਦੇ ਵਿਚਾਰ ਅਨੁਸਾਰ, "ਭਾਸ਼ਾ ਅਜਿਹਾ ਮਨੁੱਖੀ ਕਾਰਜ ਹੈ, ਜਿਸਦਾ ਮਕਸਦ ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਕਰਨਾ ਹੈ।"[1] ਮਨੁੱਖ ਦੇ ਮਨ ਅੰਦਰ ਪੈਦਾ ਹੁੰਦੀਆਂ ਭਾਵਨਾਵਾਂ ਨੂੰ ਭਾਸ਼ਾ ਰਾਹੀਂ ਵਿਅਕਤ ਕੀਤਾ ਜਾਂਦਾ ਹੈ। ਰਾਬਰਟ ਟੀ. ਹੈਰਿਸ ਮੁਤਾਬਿਕ "ਭਾਸ਼ਾ ਬੁਨਿਆਦੀ ਰੂਪ ਵਿੱਚ ਧੁਨੀਆਤਮਕ ਪ੍ਰਤੀਕਾਂ ਦਾ ਅਜਿਹਾ ਪ੍ਰਬੰਧ ਹੈ, ਜੋ ਸੰਚਾਰਨ ਯੋਗ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ।"[2] ਕਿਸੇ ਭਾਸ਼ਾ ਦੀ ਅਮੀਰੀ ਦਾ ਇਸ ਗੱਲ ਤੋਂ ਪਤਾ ਲੱਗ ਜਾਂਦਾ ਹੈ ਕਿ ਕਿੰਨੇ ਲੋਕ ਉਸ ਭਾਸ਼ਾ ਰਾਹੀਂ ਆਪਸੀ ਸੰਵਾਦ ਰਚਾਉਂਦੇ ਹਨ। ਭਾਸ਼ਾ ਮਨੁੱਖ ਦੀ ਹੋਂਦ ਸਥਾਪਿਤ ਕਰਦੀ ਹੈ। ਪੰਜਾਬੀ ਇੱਕ ਰਕਾਨ ਭਾਸ਼ਾ ਹੈ ਅਤੇ ਸੁਹਜ ਨਾਲ਼ ਭਰੀ ਹੋਈ ਹੈ। ਜਿਸ ਦਾ ਮੁਕਾਬਲਾ ਸੰਸਾਰ ਦੀ ਸ਼ਾਇਦ ਹੀ ਕੋਈ ਭਾਸ਼ਾ ਕਰ ਸਕੇ। "ਪੰਜਾਬੀ ਸੰਸਾਰ ਦੀ ਬੜੀ ਉੱਨਤ ਭਾਸ਼ਾ ਹੈ। ਸੰਸਾਰ ਦੀਆਂ ਲੱਖਾਂ ਭਾਸ਼ਾਵਾਂ ਵਿੱਚ ਪੰਜਾਬੀ ਦਾ ਤੇਰਵਾਂ ਸਥਾਨ ਹੈ। ਸੰਸਾਰ ਦੇ ਸੌ ਤੋਂ ਵੱਧ ਦੇਸ਼ਾਂ ਵਿੱਚ ਪੰਜਾਬੀ ਬੋਲਣ ਵਾਲ਼ੇ ਲੋਕ ਵਸਦੇ ਹਨ। ਪੰਜਾਬੀ ਬੋਲਣ ਅਤੇ ਸਮਝਣ ਵਾਲ਼ਿਆਂ ਦੀ ਗਿਣਤੀ ਅੱਠ ਕਰੋੜ ਦੇ ਆਸ-ਪਾਸ ਹੈ।"[3] ਇਸ ਪ੍ਰਕਾਰ ਦੁਨੀਆਂ ਦੀਆਂ ਭਾਸ਼ਾਵਾਂ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪ੍ਰਵਾਸ ਕਰਦੀਆਂ ਹਨ, ਇਹ ਪ੍ਰਵਾਸ

---

[1] ਮਨਜੀਤ ਕੌਰ (ਡਾ.) ਪੰਜਾਬੀ ਭਾਸ਼ਾ: ਵਰਤੋਂ ਅਤੇ ਬਣਤਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ, 2008, ਪੰਨਾ-15

[2] ਉਹੀ. ਪੰਨਾ- 15

[3] ਨੌਸ਼ਹਿਰਵੀ ਹਮਦਰਦਵੀਰ,ਪੰਜਾਬੀ ਸਾਹਿਤ ਤੇ ਸੱਭਿਆਚਾਰ, ਤਰਲੋਚਨ ਪਬਲਿਸ਼ਰ, ਚੰਡੀਗੜ੍ਹ, 2010, ਪੰਨਾ- 73

ਲੋਕਾਂ ਨੂੰ ਇੱਕ ਭਾਸ਼ਾ ਤੋਂ ਦੂਜੀਆਂ ਭਾਸ਼ਾਵਾਂ ਨਾਲ਼ ਜੁੜਨ ਦਾ ਮੌਕਾ ਪ੍ਰਦਾਨ ਕਰਦਾ ਹੈ ਪਰ ਉਹ ਆਪਣੀ ਭਾਸ਼ਾ ਨਾਲ ਜੁੜੇ ਰਹਿਣ ਲਈ ਜੱਦੋ-ਜਹਿਦ ਕਰਦੇ ਰਹਿੰਦੇ ਹਨ। ਇਸ ਨੂੰ ਹੀ ਡਾਇਸਪੋਰਾ ਦੀ ਭਾਸ਼ਾ ਵਿੱਚ ਉਸ ਖੇਤਰ (ਪੰਜਾਬੀ) ਦੀ ਭਾਸ਼ਾ ਦਾ ਵਿਕਾਸ ਅਤੇ ਸੱਭਿਆਚਾਰ ਦਾ ਪਸਾਰ ਕਿਹਾ ਜਾਂਦਾ ਹੈ।

ਪੰਜਾਬੀਆਂ ਦਾ ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ਼ ਡੂੰਘਾ ਪਿਆਰ ਹੈ। ਇਹ ਜਿੱਥੇ ਵੀ ਜਾਂਦੇ ਹਨ ਇਸ ਨੂੰ ਆਪਣੇ ਨਾਲ਼ ਲੈ ਕੇ ਜਾਂਦੇ ਹਨ। ਪੰਜਾਬੀ ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਪ੍ਰਵਾਸ ਕਰ ਗਏ ਹੋਣ ਪਰ ਉਹਨਾਂ ਦੇ ਦਿਲ, ਦਿਮਾਗ਼, ਆਤਮਾਵਾਂ ਅਤੇ ਰੂਹਾਂ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਬਾਜ਼ਾਰਾਂ, ਗਲ਼ੀਆਂ, ਮੁਹੱਲਿਆਂ, ਵਿਹੜਿਆਂ, ਤਬੇਲਿਆਂ, ਸੱਥਾਂ ਅਤੇ ਖੇਤਾਂ ਵਿੱਚ ਹੀ ਗੇੜੇ ਮਾਰਦੀਆਂ ਰਹਿੰਦੀਆਂ ਹਨ। ਪੰਜਾਬੀਆਂ ਨੇ ਆਪਣੀ ਮਿੱਠੀ ਬੋਲੀ, ਸਦਾਚਾਰਕ ਵਿਵਹਾਰ, ਉਦਾਰਵਾਦੀ ਰਵੱਈਆ, ਦਿੱਲਖਿੱਚਵੀਂ ਸ਼ਖ਼ਸੀਅਤ ਨਾਲ਼ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿੱਚ ਪੰਜਾਬੀਅਤ ਦੀ ਖੁਸ਼ਬੋ ਨੂੰ ਫੈਲਾਇਆ ਹੈ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੇ ਆਪਣੀ ਮਾਤ-ਭਾਸ਼ਾ ਪ੍ਰਤੀ ਸਾਕਾਰਾਤਮਕ ਸੋਚ ਅਪਣਾਉਂਦਿਆਂ, ਆਪਣੀ ਅਗਲੀ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨਾਲ਼ ਜੋੜਨ ਲਈ ਵੱਖ-ਵੱਖ ਤਰ੍ਹਾਂ ਦੇ ਉਪਰਾਲੇ ਕੀਤੇ ਹਨ।

ਪੰਜਾਬੀ ਭਾਸ਼ਾ ਸਿਖਾਉਣ ਲਈ ਯੋਗਦਾਨ : ਪੰਜਾਬੀ ਭਾਵੇਂ ਜਿਹੜੇ ਵੀ ਮੁਲਕ ਵਿੱਚ ਰਹਿੰਦੇ ਹੋਣ ਪਰ ਉਹ ਆਪਣੀ ਭਾਸ਼ਾ ਅਤੇ ਸੱਭਿਆਚਾਰ ਨੂੰ ਅਗਲੀਆਂ ਪੀੜ੍ਹੀਆਂ ਦੇ ਹਵਾਲੇ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਕਿਸੇ ਵੀ ਭਾਸ਼ਾ ਦੇ ਜਿਉਂਦੇ ਰਹਿਣ ਲਈ ਉਸ ਦੇ ਬੋਲਣ ਵਾਲ਼ਿਆਂ ਵਿੱਚ ਉਤਸ਼ਾਹ ਹੋਣਾ ਬੇਹੱਦ ਜ਼ਰੂਰੀ ਹੈ। ਪੰਜਾਬੀਆਂ ਦੇ ਬੱਚੇ ਜਿਨ੍ਹਾਂ ਦਾ ਜਨਮ ਭਾਵੇਂ ਪੰਜਾਬ ਵਿੱਚ ਹੋਇਆ ਜਾਂ ਵਿਦੇਸ਼ ਵਿੱਚ ਹੋਇਆ ਉਹਨਾਂ ਨੂੰ ਪੰਜਾਬੀ ਦਾ ਵਿਸ਼ਾ ਸਕੂਲਾਂ ਵਿੱਚ ਵੀ ਪੜ੍ਹਾਇਆ ਜਾ ਰਿਹਾ ਹੈ ਅਤੇ ਪੰਜਾਬੀ ਸਿਖਾਉਣ ਲਈ ਸੁਹਿਰਦ ਪੰਜਾਬੀਆਂ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਆਪੋ-ਆਪਣੇ ਪੱਧਰ ਤੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਆਪਣੀ ਇੰਗਲੈਂਡ ਦੀ ਵਿਜ਼ਟ ਦੌਰਾਨ ਮੈਨੂੰ ਕੁੱਝ ਥਾਵਾਂ ਤੇ ਜਾਣ ਦਾ ਮੌਕਾ ਮਿਲਿਆ। ਉਦਾਹਰਨ ਦੇ ਤੌਰ ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਰੋਡ ਵਿਖੇ 'ਅਕਾਲ-ਸਹਾਇ' ਸੰਸਥਾ ਵੱਲੋਂ ਹਰੇਕ ਸ਼ੁੱਕਰਵਾਰ, ਸ਼ਨੀਵਾਰ ਸ਼ਾਮ 6 ਵਜੇ ਤੋਂ ਰਾਤ 8 ਵਜੇ ਤੱਕ ਲੱਗਭੱਗ 650 ਪੰਜਾਬੀ ਅਤੇ ਗੈਰ-ਪੰਜਾਬੀ ਬੱਚਿਆਂ ਪੰਜਾਬੀ ਸਿਖਾਈ ਜਾਂਦੀ ਹੈ ਅਤੇ ਗੁਰਬਾਣੀ ਦੀ

ਸੰਥਿਆ ਵੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੀਨਿਊ ਵਿਖੇ ਵੀ ਹਰੇਕ ਸ਼ਨੀਵਾਰ ਸਵੇਰੇ 9 ਵਜੇ ਤੋਂ ਦੁਪਹਿਰ 12.30 ਵਜੇ ਤੱਕ ਬੱਚਿਆਂ ਨੂੰ "ਪੰਜਾਬੀ ਅਤੇ ਗੁਰਮਤਿ ਸੰਗੀਤ ਅਕੈਡਮੀ" ਵੱਲੋਂ ਪੰਜਾਬੀ ਭਾਸ਼ਾ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਸਿੱਖ ਮਿਸ਼ਨਰੀ ਕਾਲਜ ਵੱਲੋਂ ਵੀ ਹਰੇਕ ਸ਼ੁੱਕਰਵਾਰ ਅਤੇ ਸ਼ਨੀਵਾਰ ਸ਼ਾਮ 7 ਵਜੇ ਤੋਂ 8 ਵਜੇ ਤੱਕ ਪੰਜਾਬੀ ਭਾਸ਼ਾ ਦੀ ਸਿੱਖਿਆ ਲਈ ਉਪਰਾਲਾ ਕੀਤਾ ਜਾ ਰਿਹਾ ਹੈ। ਇੰਗਲੈਂਡ ਦੇ ਵੱਖ-ਵੱਖ ਇਲਾਕਿਆਂ ਵਿੱਚ ਪੰਜਾਬੀ ਨੌਜਵਾਨਾਂ ਵੱਲੋਂ ਬੱਚਿਆਂ ਨੂੰ ਬਿਨ੍ਹਾਂ ਕਿਸੇ ਮਾਨਸਿਕ ਦਬਾਅ ਦੇ ਅਤੇ ਪੂਰੀ ਤਨਦੇਹੀ ਨਾਲ਼ ਪੰਜਾਬੀ ਭਾਸ਼ਾ ਨਾਲ਼ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸਦਾ ਮਕਸਦ ਬੱਚਿਆਂ ਨੂੰ ਆਪਣੇ ਪਰਿਵਾਰ ਅਤੇ ਹੋਰਨਾਂ ਵਿਅਕਤੀਆਂ ਨਾਲ਼ ਪੰਜਾਬੀ ਵਿੱਚ ਗੱਲਬਾਤ ਕਰ ਸਕਣ ਦੇ ਯੋਗ ਬਣਾਉਣਾ ਹੈ।

ਗੁਰੂ ਘਰਾਂ ਦਾ ਪੰਜਾਬੀਅਤ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਵਿੱਚ ਯੋਗਦਾਨ : ਪੰਜਾਬੀਆਂ ਦੁਆਰਾ ਲੰਗਰ ਪ੍ਰਥਾ ਨੂੰ ਹਰ ਗੁਰੂ ਘਰ ਵਿੱਚ ਪੂਰੀ ਮਰਿਆਦਾ ਅਤੇ ਸਤਿਕਾਰ ਨਾਲ਼ ਚਲਾਇਆ ਜਾ ਰਿਹਾ ਹੈ, ਜਿਸ ਦੀ ਸ਼ੋਭਾ ਜਿੰਨੀ ਕੀਤੀ ਜਾਵੇ ਉੰਨੀ ਥੋੜ੍ਹੀ ਹੈ। ਮੈਂ ਇੱਥੇ ਸਾਊਥਾਲ ਲੰਡਨ ਦੇ ਗੁਰੂ ਘਰਾਂ ਦਾ ਜ਼ਿਕਰ ਕਰਨਾ ਚਾਹਾਂਗਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਲਗਾਤਾਰ ਅਤੁੱਟ ਲੰਗਰ ਵਰਤਦਾ ਹੈ। ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਵੱਖ-ਵੱਖ ਦੇਸਾਂ ਤੋਂ ਆਈ ਹੋਈ ਸੰਗਤ ਲੰਗਰ ਛਕਦੀ ਹੈ। ਇਨ੍ਹਾਂ ਗੁਰੂ ਘਰਾਂ ਵਿੱਚ ਲਗਾਤਾਰ ਪਾਠ ਚਲਦਾ ਰਹਿੰਦਾ ਹੈ, ਵੱਖ-ਵੱਖ ਥਾਵਾਂ ਤੋਂ ਆਏ ਹੋਏ ਢਾਡੀ, ਕਵੀਸ਼ਰੀ ਜੱਥੇ, ਰਾਗੀ ਜੱਥੇ, ਕਥਾਵਾਚਕ ਸਿੱਖ ਰਹਿਤ ਮਰਿਆਦਾ ਅਨੁਸਾਰ ਸੰਗਤਾਂ ਨੂੰ ਗੁਰੂ ਆਸ਼ੇ ਤੇ ਚੱਲਣ ਲਈ ਪ੍ਰੇਰਿਤ ਕਰਦੇ ਹਨ। ਇਨ੍ਹਾਂ ਗੁਰੂ ਘਰਾਂ ਵਿੱਚ ਗੁਰਮੁਖੀ ਵਿੱਚ ਸੰਥਿਆ ਵੀ ਦਿੱਤੀ ਜਾਂਦੀ ਹੈ। ਵਿਦਿਆਰਥੀ ਗੁਰਬਾਣੀ ਪੜ੍ਹਦੇ-ਸੁਣਦੇ ਅਤੇ ਗੁਰਮੁਖੀ ਸਿੱਖਦੇ ਹੋਏ ਪੰਜਾਬੀ ਭਾਸ਼ਾ ਨਾਲ਼ ਜੁੜਦੇ ਹਨ।

ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ ਵੱਲੋਂ ਗੁਰਮੁਖੀ ਦੇ ਵਿਕਾਸ ਲਈ ਉਪਰਾਲੇ :

'ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ' ਦੁਨੀਆਂ ਭਰ ਵਿੱਚ ਮਨੁੱਖਤਾ ਦੀ ਆਤਮਾ ਨੂੰ ਅਮੀਰ ਕਰਦੀ ਹੋਈ ਮਨੁੱਖਤਾ ਦੇ ਭਲੇ ਲਈ ਸਿੱਖੀ ਦੇ ਰਾਸਤੇ ਨੂੰ ਅਪਣਾਉਂਦੇ ਹੋਏ ਅੱਗੇ ਵਧ ਰਹੀ ਹੈ। ਹਰੇਕ ਸਾਲ

ਇਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਲਈ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਡਾ. ਪ੍ਰਗਟ ਸਿੰਘ ਜੀ ਚੇਅਰਪਰਸਨ 'ਸਿੱਖ ਐਜੂਕੇਸ਼ਨ ਕੌਂਸਲ' ਯੂ. ਕੇ, ਅਤੇ ਕਮੇਟੀ ਮੈਂਬਰਾਂ ਸ. ਹਰਵਿੰਦਰ ਸਿੰਘ, ਸ. ਕੰਵਰ ਸਿੰਘ ਬਰਾੜ, ਸ. ਬਲਵਿੰਦਰ ਸਿੰਘ ਚਾਹਲ ਆਦਿ ਪ੍ਰਮੁੱਖ ਸ਼ਖ਼ਸੀਅਤਾਂ ਦੁਆਰਾ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ।

ਪ੍ਰਵਾਸੀ ਪੰਜਾਬੀ ਲੇਖਕਾਂ ਦਾ ਯੋਗਦਾਨ : ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਲੇਖਕਾਂ ਵੱਲੋਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਰਾਹੀਂ ਪੰਜਾਬੀ ਭਾਸ਼ਾ ਨੂੰ ਪ੍ਰਫੁਲੱਤ ਕਰਨ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। "ਪ੍ਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਜਿੱਥੇ ਆਪਣੇ ਪ੍ਰਵਾਸ ਦੀਆਂ ਸਮੱਸਿਆਵਾਂ ਨੂੰ ਅਭਿਵਿਅਕਤ ਕੀਤਾ ਹੈ, ਉੱਥੇ ਵਿਸ਼ਵੀਕਰਣ ਦੇ ਨਵੀਨ ਪ੍ਰਸੰਗਾਂ ਨੂੰ ਵੀ ਸਾਹਿਤ ਸਿਰਜਣਾ ਦਾ ਆਧਾਰ ਬਣਾਇਆ ਹੈ।"[4] ਪੰਜਾਬੀ ਸਾਹਿਤਕਾਰ, ਪੰਜਾਬੀ ਗਾਇਕ, ਪੰਜਾਬੀ ਪੱਤਰਕਾਰ ਅਤੇ ਕਲਾਕਾਰ ਆਪਣੀਆਂ ਪ੍ਰਤਿਭਾਵਾਂ, ਕਲਾਵਾਂ ਦੇ ਜ਼ਰੀਏ ਪੰਜਾਬੀ ਭਾਸ਼ਾ ਦੇ ਸੁਹੱਪਣ ਨੂੰ ਚਾਰ ਚੰਦ ਲਗਾ ਰਹੇ ਹਨ। ਅੰਤਰ-ਰਾਸ਼ਟਰੀ ਪੱਧਰ ਤੇ ਕਰਵਾਈਆਂ ਜਾ ਰਹੀਆਂ ਇਹ ਕਾਨਫਰੰਸਾਂ ਵੀ ਸ਼ਲਾਘਾਯੋਗ ਕਾਰਜ ਹਨ।

ਸਾਹਿਤਕਾਰਾਂ ਵੱਲੋਂ ਯੋਗਦਾਨ : ਜਿੰਨਾਂ ਕਿਸੇ ਭਾਸ਼ਾ ਦਾ ਸਾਹਿਤ ਅਮੀਰ ਹੁੰਦਾ ਹੈ ਉੰਨੀ ਹੀ ਉਸ ਦੇਸ ਦੀ ਭਾਸ਼ਾ ਵੀ ਅਮੀਰ ਹੁੰਦੀ "ਪਰਵਾਸੀ ਪੰਜਾਬੀ ਸਾਹਿਤ ਨੇ ਪਰਵਾਸੀ ਦੀ ਢਹਿੰਦੀ-ਉੱਸਰਦੀ ਦੁਨੀਆਂ, ਆਰਥਿਕ, ਮਾਨਸਿਕ ਦਬਾਵਾਂ, ਪੀੜ੍ਹੀ ਪਾੜੇ, ਸ਼ਨਾਖਤੀ ਸੰਕਟ, ਪਰਿਵਾਰ ਦੇ ਅੰਦਰਲੇ ਤੇ ਬਾਹਰਲੇ ਦਬਾਵਾਂ ਨੂੰ ਪ੍ਰਸਤੁਤ ਕਰਨ 'ਤੇ ਬਲ ਦਿੱਤਾ ਹੈ।"[5] ਉਦਾਹਰਨ ਦੇ ਤੌਰ 'ਤੇ ਡਾ. ਅਮਰਜੀਤ ਸਿੰਘ ਟਾਂਡਾ ਨੇ ਕਲਾਤਮਿਕ ਪ੍ਰਤਿਭਾ ਤੇ ਪ੍ਰਵਿਰਤੀ ਨੂੰ ਪ੍ਰਫੁੱਲਤ ਹੀ ਨਹੀਂ ਕੀਤਾ ਸਗੋਂ ਸਾਹਿਤ ਅਤੇ ਚਿੱਤਰਕਾਰੀ ਦੇ ਖੇਤਰ ਵਿੱਚ ਪਛਾਣ ਬਣਾ ਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਉਹਨਾਂ ਨੇ 'ਹਵਾਵਾਂ ਦੇ ਰੁਖ', 'ਲਿਖਤੁਮ ਨੀਲੀ ਬੰਸਰੀ', 'ਕੋਰੇ ਕਾਗਜ਼' ਅਤੇ 'ਦੀਵਾ ਸਫ਼ਿਆਂ ਦਾ' ਆਦਿ ਪੁਸਤਕਾਂ ਪ੍ਰਕਾਸ਼ਿਤ ਕਰਵਾਕੇ ਪੰਜਾਬੀ ਮਾਂ ਬੋਲੀ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ ਹੈ। ਇਨ੍ਹਾਂ ਨੇ 'ਕਲੀਰੇ' ਮੈਗ਼ਜ਼ੀਨ ਨੂੰ ਵੀ ਸੰਪਾਦਿਤ ਕੀਤਾ। ਸੁਰਜੀਤ ਕੌਰ ਨੇ ਕਵਿਤਾ ਦੀਆਂ ਤਿੰਨ ਪੁਸਤਕਾਂ

---

[4] ਜਗਦੀਪ ਸਿੰਘ, ਪਰਵਾਸੀ ਪੰਜਾਬੀ ਸਾਹਿਤ ਪੁਨਰ-ਸੰਵਾਦ, ਪ੍ਰਕਾਸ਼ਕ: ਅਲਕਾ ਸਾਹਿਤ ਸਦਨ, ਅੰਮ੍ਰਿਤਸਰ, 2006, ਪੰਨਾ-9

[5] ਡਾ. ਹਰਚੰਦ ਸਿੰਘ ਬੇਦੀ, ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ-11

ਪ੍ਰਕਾਸ਼ਿਤ ਕਰਵਾਈਆਂ। ਡਾ. ਕੰਵਲਜੀਤ ਕੌਰ ਢਿੱਲੋਂ ਨਾਲ਼ ਮਿਲ ਕੇ ਉੱਤਰੀ ਅਮਰੀਕਾ ਦੀਆਂ 47 ਕਵਿੱਤਰੀਆਂ ਦੀ 'ਕੂੰਜਾਂ' ਪੁਸਤਕ ਸੰਪਾਦਿਤ ਕਰਕੇ ਪੰਜਾਬੀ ਸਾਹਿਤ ਵਿੱਚ ਯੋਗਦਾਨ ਪਾਇਆ।

'ਕੱਚ ਤਾਂ ਮੈਂ ਨਹੀਂ ਸਾਂ, ਪਰ ਜਦ ਵੀ ਟੁੱਟੀ

ਕਿਰਚ ਕਿਰਚ ਹੋ ਖਿੱਲਰ ਗਈ

ਮੁਖੌਟਿਆਂ 'ਚੋਂ, ਮਾਇਨਿਆਂ ਦੇ ਕੁੱਝ

ਨਵੇਂ ਸੂਰਜ ਉਦੈ ਹੋ ਗਏ।'

ਹਰਚੰਦ ਸਿੰਘ ਬਾਗੜੀ ਨੇ ਲੱਗਭੱਗ 15 ਪੁਸਤਕਾਂ ਪ੍ਰਕਾਸ਼ਿਤ ਕਰਵਾਕੇ ਆਪਣੇ 35 ਸਾਲਾਂ ਦੇ ਸਾਹਿਤਕ ਸਫ਼ਰ ਵਿੱਚ ਪ੍ਰਵਾਸ ਦੇ ਰੁਝੇਵਿਆਂ, ਵਿਤਕਰਿਆਂ ਅਤੇ ਜੱਦੋ-ਜਹਿਦ ਵਾਲ਼ੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਆਪਣੀ ਮਾਂ ਬੋਲੀ ਪੰਜਾਬੀ ਦੀ ਸੇਵਾ ਕੀਤੀ। ਪ੍ਰਦੇਸ ਵਿੱਚ ਆ ਕੇ ਮਜ਼ਦੂਰੀ ਰਾਹੀਂ ਗੁਜ਼ਾਰਾ ਕਰਨ 'ਤੇ ਉਹ ਲਿਖਦਾ ਹੈ :-

'ਪੰਜਾਬ ਦਾ ਮੈਂ ਸਰਦਾਰ ਹਾਂ, ਜ਼ਮੀਨ ਵਾਲ਼ਾ ਜ਼ਿਮੀਦਾਰ ਹਾਂ।

ਤੇ ਪਿੰਡ ਦਾ ਲੰਬੜਦਾਰ ਹਾਂ, ਕੈਨੇਡਾ ਦੀ ਗੱਲ ਹੋਰ ਹੈ 'ਚੰਦ'

ਪਹਿਲਾਂ ਜ਼ਮਾਂਦਾਰ ਸੀ, ਹੁਣ ਚੌਕੀਦਾਰ ਹਾਂ।

ਇਨ੍ਹਾਂ ਤੋਂ ਬਿਨ੍ਹਾ ਪ੍ਰਵਾਸੀ ਸਾਹਿਤਕਾਰੀ ਦੇ ਖੇਤਰ ਵਿੱਚ ਡਾ. ਬਲਦੇਵ ਸਿੰਘ ਕੰਧੋਲਾ, ਪ੍ਰਿੰ. ਸੁਜਿੰਦਰ ਸਿੰਘ ਸੰਘਾ, ਸ. ਕੰਵਰ ਸਿੰਘ ਬਰਾੜ, ਸ. ਬਲਵਿੰਦਰ ਸਿੰਘ ਚਾਹਲ, ਸ. ਦਲਜਿੰਦਰ ਸਿੰਘ ਇਟਲੀ, ਪ੍ਰੋ. ਜਸਪਾਲ ਸਿੰਘ, ਗੁਰਦੀਸ਼ ਕੌਰ ਗਰੇਵਾਲ਼, ਬਲਵੀਰ ਕੌਰ ਢਿੱਲੋਂ, ਸੁਰਜੀਤ ਪੰਛੀ, ਸੈਂਡੀ ਗਿੱਲ, ਕਰਮਜੀਤ ਕੌਰ ਕਸਾਂਵਲ, ਸਿੱਧੂ ਰਮਨ, ਰਾਜਿੰਦਰ ਕੌਰ ਉਰਫ਼ ਰਾਜ ਸੰਧੂ, ਸੁਰਿੰਦਰ ਕੌਰ ਬਿੰਨਰ, ਭੁੱਪਿੰਦਰ ਨੱਤ ਬਲਵਿੰਦਰ ਕੌਰ ਬਰਾੜ, ਖੁਸ਼ਵਿੰਦਰ ਕੌਰ ਉਰਫ਼ ਗਗਨ ਬਰਾੜ, ਪਿਆਰਾ ਸਿੰਘ ਕੁੱਦੋਵਾਲ਼ (ਨਾਟਕਕਾਰ) ਆਦਿ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਨਾਲ਼ ਪੰਜਾਬੀ ਭਾਸ਼ਾ ਨੂੰ ਅਮੀਰ ਕੀਤਾ ਹੈ।

ਸੰਗੀਤ ਰਾਹੀਂ ਪੰਜਾਬੀ ਭਾਸ਼ਾ ਦਾ ਵਿਕਾਸ :

"ਸੰਗੀਤ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਹੈ। ਇਹ ਪਰਮਾਤਮਾ ਤੱਕ ਪਹੁੰਚਣ ਦਾ ਜ਼ਰੀਆ ਹੈ। ਸੰਗੀਤ ਦੀ ਧੁਨੀ ਅਨੰਦ ਦੀ ਪ੍ਰਾਪਤੀ ਦਾ ਸਾਧਨ ਹੈ। ਪ੍ਰਕਿਰਤੀ ਦੀ ਹਰ ਰਚਨਾ ਵਿੱਚ ਸੰਗੀਤ ਦੇ ਸੂਖਮ ਤੱਤ ਹੁੰਦੇ ਹਨ। ਸੰਗੀਤ ਦੀ ਕਿਸਮ ਕੋਈ ਵੀ ਹੋਵੇ ਉਹ ਸਭ ਨੂੰ ਬਰਾਬਰ ਅਨੰਦ ਦਿੰਦਾ ਹੈ।"[6] ਗੀਤਕਾਰੀ ਦੇ ਖੇਤਰ ਵਿੱਚ ਜੀਤ ਕੱਦੋਂਵਾਲ਼ਾ ਉਰਫ਼ ਕਰਮਜੀਤ ਸਿੰਘ ਮੁੰਡੀ ਕੈਨੇਡਾ ਦੇ ਸ਼ਹਿਰ ਵਿਨੀਪੈਗ ਵਿੱਚ ਪੰਜਾਬੀ ਬੋਲੀ ਦੀ ਮਿਠਾਸ ਨੂੰ ਸਾਂਭੀ ਬੈਠਾ ਹੈ, ਉਹ ਲੱਗਭੱਗ 1000 ਗੀਤ ਲਿਖ ਚੁੱਕਾ ਹੈ, ਉਸ ਦੇ ਗੀਤਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਖੁਸ਼ਬੋ ਆਉਂਦੀ ਹੈ।

'ਉਹਨੇ ਅੱਜ ਆਉਣਾ ਉਹਨੇ ਕੱਲ ਆਉਣਾ, ਇਹ ਮਾਂ ਸਾਲਾਂ ਤੋਂ ਕਹਿੰਦੀ ਸੀ।

ਕੋਈ ਮਾਰ ਕੇ ਵੱਡੀ ਮਾਲ ਆਉਣਾ, ਫਿਰ ਅੰਦਰ ਬਹਿਕੇ ਰੋ ਲੈਂਦੀ ਸੀ।'

ਗੁਰਮਿੰਦਰ ਸਿੰਘ ਗੁਰੀ ਵਾਸੀ ਕੈਲੀਫੋਰਨੀਆ ਪੰਜਾਬੀ ਗੀਤਾਂ ਦੀਆਂ ਤਿੰਨ ਐਲਬਮਾਂ ਪਹਿਲੀ 'ਦਿਲ ਦੇ ਨੀ ਮਾੜੇ' 2009, ਦੂਜੀ ਐਲਬਮ 'ਕਿੰਗ ਪੰਜਾਬੀ' 2010, ਤੀਜੀ ਐਲਬਮ 'ਕਬੂਤਰ ਚੀਨੇ' ਰਾਹੀਂ ਆਪਣੀ ਭਾਸ਼ਾ ਦੀ ਖੁਸ਼ਬੋ ਵਿਦੇਸ਼ਾਂ ਵਿੱਚ ਫੈਲਾ ਰਿਹਾ ਹੈ।

'ਬੇਬੇ ਤੇਰੀ ਆਟੇ ਵਾਲ਼ੀ ਚੱਕੀ, ਅੱਜ ਯਾਦ ਆਉਂਦੀ ਪ੍ਰਦੇਸਾਂ ਵਿੱਚ।

ਭਾਵੇਂ ਪ੍ਰਦੇਸੀ ਹੋ ਗਏ ਹਾਂ, ਪਰ ਮਨ ਰਹਿੰਦਾ ਆਪਣੇ ਖੇਤਾਂ ਵਿੱਚ।

ਨਾ ਭੁੱਲੀ ਪਿੰਡ ਦੀ ਜੂਹ, ਨਾ ਭੁੱਲਿਆ ਪੰਜ ਦਰਿਆਵਾਂ ਨੂੰ।

ਨਾ ਭੁੱਲੇ ਮੇਰੇ ਭੈਣ ਭਰਾ, ਨਾ ਭੁੱਲ ਸਕਿਆ, ਚੂੜੇ ਵਾਲ਼ੀਆਂ ਬਾਹਵਾਂ ਨੂੰ।

ਨਾ ਭੁੱਲੇ ਬਨੇਰੇ ਜਿੱਥੇ ਮਾਵਾਂ ਚੂਰੀ ਕੁੱਟ ਕੁੱਟ ਪਾਉਂਦੀਅਂ ਕਾਵਾਂ ਨੂੰ।

---

[6] ਉਜਾਗਰ ਸਿੰਘ, ਪ੍ਰਵਾਸੀ ਜੀਵਨ ਤੇ ਸਾਹਿਤ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ, ਲੁਧਿਆਣਾ, 2016, ਪੰਨਾ- 67

ਗੁਰਬਖਸ਼ ਸਿੰਘ ਬੁੱਟਰ ਉਰਫ਼ ਗੈਰੀ ਟਰਾਂਟੋ ਹਠੂਰ, ਪੂਰਨ ਸਿੰਘ ਪਾਂਧੀ, ਦਲਜੀਤ ਕਲਿਆਣਪੁਰੀ ਆਦਿ ਗੀਤਕਾਰਾਂ ਨੇ ਆਪਣੇ ਗੀਤਾਂ ਰਾਹੀਂ ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਦੀ ਸ਼ਾਨਦਾਰ ਪੇਸ਼ਕਾਰੀ ਕਰਦਿਆਂ ਪੰਜਾਬੀ ਦੇ ਰੁਤਬੇ ਨੂੰ ਉੱਚਾ ਕੀਤਾ ਹੈ।

ਪੱਤਰਕਾਰੀ ਦਾ ਪੰਜਾਬੀ ਦੇ ਵਿਕਾਸ ਵਿੱਚ ਰੋਲ:

ਪੰਜਾਬੀ ਪੱਤਰਕਾਰੀ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਮਾਨਤਾ ਦੁਆਉਣ ਦਾ ਮਾਣ ਪਟਿਆਲਾ ਜ਼ਿਲ੍ਹੇ ਦੇ ਮੰਜਾਲ਼ ਖੁਰਦ ਦੇ ਜੰਮਪਲ਼ ਨਰਪਾਲ ਸਿੰਘ ਸ਼ੇਰਗਿੱਲ ਨੂੰ ਜਾਂਦਾ ਹੈ। ਨਰਪਾਲ ਸਿੰਘ ਸ਼ੇਰਗਿੱਲ ਇੰਗਲੈਂਡ ਦੇ ਲੰਡਨ ਸ਼ਹਿਰ ਵਿੱਚ ਰਹਿੰਦੇ ਹੋਏ ਵੀ ਆਪਣੇ ਵਿਰਸੇ ਨਾਲ਼ ਜੁੜੇ ਹੋਏ ਹਨ। ਸ਼ੇਰਗਿੱਲ ਪੰਜਾਬੀ ਸਾਹਿਤ ਜਗਤ ਵਿੱਚ ਵੀ ਨਵੀਆਂ ਪੈੜਾਂ ਪਾ ਰਿਹਾ ਹੈ। ਉਨ੍ਹਾਂ ਨੇ ਅੰਤਰਰਾਸ਼ਟਰੀ ਵਿਸਾਖੀ ਸੋਵੀਨਰ ਪ੍ਰਕਾਸ਼ਿਤ ਕੀਤਾ ਜਿਸ ਵਿੱਚ ਦਸਤਾਰ ਦੀ ਸਿੱਖਾਂ ਵਿੱਚ ਅਹਿਮੀਅਤ ਅਤੇ ਵੱਖ-ਵੱਖ ਦੇਸਾਂ ਵਿੱਚ ਬੈਠੇ ਸਿੱਖ ਵਿਦਵਾਨਾਂ ਤੋਂ ਦਸਤਾਰ ਬਾਰੇ ਖੋਜ ਭਰਪੂਰ ਲੇਖ ਵੀ ਲਿਖਵਾਏ ਗਏ ਹਨ। ਨਰਪਾਲ ਸਿੰਘ ਸ਼ੇਰਗਿੱਲ ਹੁਣ ਅੰਤਰਰਾਸ਼ਟਰੀ ਪੱਤਰਕਾਰ ਦੇ ਤੌਰ ਤੇ ਪੰਜਾਬੀ ਭਾਸ਼ਾ, ਪੰਜਾਬੀਅਤ, ਸਿੱਖੀ ਪ੍ਰਤੀ ਆਪਣੀ ਬੇਹਤਰੀਨ ਭੂਮਿਕਾ ਨਿਭਾ ਰਹੇ ਹਨ।

ਪ੍ਰਸਿੱਧ ਪ੍ਰਵਾਸੀ ਸਾਹਿਤਕਾਰ ਗੁਰਮੀਤ ਸਿੰਘ ਸੰਧੂ ਨੇ ਲੰਡਨ ਤੋਂ ਪ੍ਰਕਾਸ਼ਿਤ ਹੋਣ ਵਾਲ਼ੇ ‘ਦੇਸ ਪ੍ਰਦੇਸ’ ਅਖਬਾਰ ਵਿੱਚ ਸਹਾਇਕ ਸੰਪਾਦਕ ਦੇ ਤੌਰ ’ਤੇ ਕੰਮ ਕੀਤਾ, ਜਿਸ ਕਾਰਨ ਉਹਨਾਂ ਦਾ ਸਹਿਤਕ ਖੇਤਰ ਵਿੱਚ ਮੇਲ-ਮਿਲਾਪ ਵਧਿਆ। ਗੁਰਮੀਤ ਸੰਧੂ ਨੇ ‘ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ’ ਦੇ ਅਹੁਦੇ ਤੇ ਰਹਿ ਕੇ ਲੰਮਾ ਸਮਾਂ ਸੇਵਾ ਨਿਭਾਈ। 1981 ਵਿੱਚ ‘ਗਦਰ’ ਅਖਬਾਰ ਅਤੇ ਫੇਰ ‘ਪੰਜਾਬ ਪੱਤਰ’ ਅਖਬਾਰ ਸ਼ੁਰੂ ਕੀਤਾ, ਜਿਸਦਾ ਉਹ ਸੰਪਾਦਕ ਗੁਰਮੀਤ ਸੰਧੂ ਥੋੜ੍ਹੇ ਸ਼ਬਦਾਂ ਵਿੱਚ ਬਹੁਤ ਵੱਡੀਆਂ ਗੱਲਾਂ ਕਰ ਜਾਂਦਾ ਹੈ :

‘ਲੱਭ ਰਿਹਾਂ, ਆਪਣਿਆਂ ਦੀ ਭੀੜ ‘ਚੋਂ

ਗੁਆਚੇ ਸਕਿਆਂ ਨੂੰ ।’

ਚਿਰਾਂ ਪਿੱਛੋਂ ਪਿੰਡ ਜਾਣ ਤੇ ਆਪਣੇ ਅਹਿਸਾਸ ਨੂੰ ਸੂਖਮਤਾ ਨਾਲ ਕਲਮਬੰਦ ਕਰਦਾ ਹੈ।

'ਵਰ੍ਹਿਆਂ ਪਿੱਛੋਂ

ਪੁੱਛਾਂ ਰਸਤਾ

ਆਪਣੇ ਘਰ ਦਾ।'

ਕਿੰਨਾ ਵੱਡਾ ਦੁਖਾਂਤ ਹੈ ਜਦੋਂ ਆਪਣੇ ਵੀ ਪਛਾਣਨੋ ਹਟ ਜਾਂਦੇ ਹਨ, ਉਹ ਲਿਖਦਾ ਹੈ :-

'ਪ੍ਰਵਾਸੀ ਪਰਤਿਆ ਘਰ,

ਬੱਚੇ ਕਹਿਣ

ਪਰਾਹੁਣਾ ਆਇਆ।'

ਉਪਰੋਕਤ ਪੱਤਰਕਾਰਾਂ ਤੋਂ ਬਿਨਾਂ ਲਵੀਨ ਕੌਰ ਗਿੱਲ, ਗੁਰਜਤਿੰਦਰ ਸਿੰਘ ਰੰਧਾਵਾ ਪ੍ਰਵਾਸੀ ਪੰਜਾਬੀਆਂ ਦੀਆਂ ਉਲਝਣਾਂ, ਸਮੱਸਿਆਵਾਂ ਅਤੇ ਕਸ਼ਮਕਸ਼ਾਂ ਨੂੰ ਹੂ-ਬ-ਹੂ ਪੇਸ਼ ਕਰਕੇ ਉਹਨਾਂ ਦੀਆਂ ਭਾਵਨਾਵਾਂ ਤੇ ਪਹਿਰਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।

ਖਾਲਸਾ ਏਡ ਵੱਲੋਂ ਪੰਜਾਬੀ ਸੋਚ ਦਾ ਪ੍ਰਗਟਾਵਾ : ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਕੁਦਰਤੀ ਆਫ਼ਤ ਆਉਂਦੀ ਹੈ, ਜਾਂ ਮਨੁੱਖਤਾ ਨੂੰ ਸਹਾਇਤਾ ਦੀ ਲੋੜ ਹੁੰਦੀ ਹੈ ਤਾਂ ਖਾਲਸਾ ਏਡ ਵੱਲੋਂ ਫੌਰਨ ਉੱਥੇ ਸਹਾਇਤਾ ਪਹੁੰਚਦੀ ਹੈ। ਭਾਵੇਂ ਦਿੱਲੀ ਦੇ ਵਿੱਚ ਵੱਡਾ ਕਿਸਾਨ ਅੰਦੋਲਨ ਚੱਲ ਰਿਹਾ ਹੋਵੇ ਜਾਂ ਯੂਕ੍ਰੇਨ ਦੇ ਵਿੱਚ ਜੰਗ ਲੱਗੀ ਹੋਵੇ। ਰਵੀ ਸਿੰਘ ਵੱਲੋਂ ਸਮਾਜ ਸੇਵਾ ਦੇ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ। ਪੂਰੇ ਸੰਸਾਰ ਭਰ ਵਿੱਚ ਖਾਲਸਾ ਏਡ ਦੀ ਇਸ ਕੋਸ਼ਿਸ਼ ਨਾਲ਼ ਪੰਜਾਬੀਆਂ ਦੇ ਸੁਭਾਅ, ਮੁਸੀਬਤ ਮੌਕੇ ਦੂਜਿਆਂ ਦੀ ਸਹਾਇਤਾਂ ਅਤੇ ਭਰਾਤਰੀਭਾਵ ਦੇ ਸੰਕਲਪ ਦਾ ਪ੍ਰਗਟਾਵਾ ਕੀਤਾ ਹੈ ਜੋ ਕਿ ਪੰਜਾਬੀਅਤ ਦੇ ਵਿਕਾਸ ਵਿੱਚ ਸ਼ਲਾਘਾਯੋਗ ਕਾਰਜ ਹੈ।

ਸਾਰ ਅਤੇ ਸਥਾਪਨਾਵਾਂ : ਇਹ ਸੌ ਫੀਸਦੀ ਸੱਚ ਹੈ ਕਿ ਜਿਸ ਧਰਤੀ ਤੇ ਕਿਸੇ ਵੀ ਬੰਦੇ ਦਾ ਜਨਮ ਹੁੰਦਾ ਹੈ, ਉਸ ਧਰਤੀ ਦੀ ਮਿੱਟੀ ਦੀ ਖੁਸ਼ਬੋ ਉਸ ਦੇ ਜ਼ਿਹਨ ਦਾ ਅੰਗ ਬਣ ਜਾਂਦੀ ਹੈ। ਆਪਣੀ ਧਰਤੀ ਤੋਂ ਦੂਰ ਵੱਸਦੇ ਉਹ ਪ੍ਰਦੇਸਾਂ ਵਿੱਚ ਹਨ, ਪਰ ਅੰਤਲੇ ਸਾਹਾਂ ਤੱਕ ਪੰਜਾਬ ਦੀ ਧਰਤੀ, ਫ਼ਿਜ਼ਾ ਨਾਲ਼ ਧੁਰ ਅੰਦਰੋਂ

ਜੁੜੇ ਰਹਿਣਾ ਚਾਹੁੰਦੇ ਹਨ। ਉਹਨਾਂ ਦੀਆਂ ਰੂਹਾਂ ਅਤੇ ਕਲਪਨਾਵਾਂ ਆਪਣੀ ਮਾਤ-ਭੂਮੀ ਨੂੰ ਹੀ ਸਿਜਦੇ ਕਰਦੀਆਂ ਹਨ। ਪ੍ਰਵਾਸ ਦੇ ਜੀਵਨ ਦੌਰਾਨ ਆਰਥਿਕ ਖੁਸ਼ਹਾਲੀ ਦੀ ਪ੍ਰਾਪਤੀ ਲਈ ਵੱਖ-ਵੱਖ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ ਕਿ ਮਾਪੇ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਕਰਨ ਅਤੇ ਉਹ ਆਰਥਿਕ ਤੌਰ ਤੇ ਮਜ਼ਬੂਤ ਹੋਣ, ਪਰ ਉਹ ਆਪਣੇ ਬੱਚਿਆ ਨੂੰ ਪੱਛਮੀ ਸੱਭਿਆਚਾਰ, ਉੱਥੋਂ ਦਾ ਪਹਿਰਾਵਾ ਅਤੇ ਰੀਤੀ-ਰਿਵਾਜ਼ਾਂ ਦੇ ਪ੍ਰਭਾਵ ਤੋਂ ਬਚਾਉਣ ਦੀ ਕੋਸ਼ਿਸ਼ ਕਰਦੇ ਹਨ। ਇੱਥੇ ਨਾਲ਼ ਹੀ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ਼ ਜੋੜ ਕੇ ਰੱਖਣ ਲਈ ਵੀ ਲਗਾਤਾਰ ਕੋਸ਼ਿਸ਼ਾਂ ਜਾਰੀ ਰੱਖਦੇ ਹਨ ਤਾਂ ਜੋ ਉਹਨਾਂ ਦੇ ਬੱਚੇ ਪੰਜਾਬੀ ਜ਼ਬਾਨ ਪ੍ਰਤੀ ਚੰਗੀ ਸਮਝ ਬਣਾ ਸਕਣ। "ਉਹ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਪੰਜਾਬੀ ਪਹਿਰਾਵਾ, ਪੰਜਾਬੀ ਰਹਿਣ-ਸਹਿਣ, ਪੰਜਾਬੀ ਜ਼ਬਾਨ, ਪੰਜਾਬੀ ਸੱਭਿਆਚਾਰ ਤੇ ਪੰਜਾਬੀ ਕੀਮਤ ਪ੍ਰਬੰਧ ਨੂੰ ਗ੍ਰਹਿਣ ਕਰਨ ਤੇ ਉਹਨਾਂ ਦੀ 'ਦਾਸਤਾਂ' ਵੀ ਕਬੂਲ ਕਰਨ।"[7]

ਸੋ ਸਾਂਝੇ ਤੌਰ 'ਤੇ ਪੰਜਾਬੀ ਭਾਸ਼ਾ ਪ੍ਰਤੀ ਸਾਰੇ ਪੰਜਾਬੀਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ, ਕਿ ਪੰਜਾਬੀ ਭਾਵੇਂ ਕਿਸੇ ਵੀ ਦੇਸ ਵਿੱਚ ਵਸਦੇ ਹੋਣ ਆਪਣੇ ਪਰਿਵਾਰਕ ਮੈਂਬਰਾਂ ਨਾਲ਼ ਗੱਲਬਾਤ ਮਾਂ-ਬੋਲੀ ਵਿੱਚ ਹੀ ਕੀਤੀ ਜਾਵੇ। ਪੰਜਾਬੀ ਭਾਸ਼ਾ ਨੂੰ ਪਹਿਲੇ ਸਥਾਨ ਤੇ ਰੱਖ ਕੇ ਬਾਕੀ ਭਾਸ਼ਾਵਾਂ ਨੂੰ ਸਿੱਖਣ ਦੀ ਕੋਸ਼ਿਸ਼ ਕੀਤੀ ਜਾਵੇ। ਪ੍ਰੰਤੂ ਪੰਜਾਬੀ ਪ੍ਰਤੀ ਹੀਣ-ਭਾਵਨਾ ਨਾ ਰੱਖੀ ਜਾਵੇ ਸਗੋਂ ਪੰਜਾਬੀ ਵਿੱਚ ਗੱਲਬਾਤ ਕਰਦਿਆਂ ਮਾਣ ਮਹਿਸੂਸ ਹੋਵੇ। ਧਿਆਨ ਦੇਣ ਵਾਲ਼ੀ ਗੱਲ ਹੈ ਕਿ ਪੰਜਾਬ ਸੂਬੇ ਦਾ ਸਬੰਧ ਕਿਸਾਨੀ ਅਤੇ ਪਿੰਡਾਂ ਨਾਲ਼ ਹੈ। ਪੰਜਾਬ ਦੇ ਬਹੁਤ ਸਾਰੇ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਤਹਿਸੀਲਾਂ ਅਤੇ ਥਾਣੇ-ਕਚਹਿਰੀਆਂ ਦੇ ਚੱਕਰ ਲਗਾਉਣੇ ਪੈਂਦੇ ਹਨ, ਜਿੱਥੇ ਅੰਗਰੇਜ਼ੀ ਭਾਸ਼ਾ ਦਾ ਬੋਲਬਾਲਾ ਹੋਣ ਕਾਰਨ ਉਹਨਾਂ ਨੂੰ ਬਹੁਤ ਖੱਜਲ਼-ਖੁਆਰ ਹੋਣਾ ਪੈਂਦਾ ਹੈ। ਉਹਨਾਂ ਨੂੰ ਇਹ ਹੀ ਪਤਾ ਨਹੀਂ ਲੱਗਦਾ ਕਿ ਉਹਨਾਂ ਦਾ ਕੇਸ ਕਿਸ ਦਿਸ਼ਾ ਵਿੱਚ ਜਾ ਰਿਹਾ ਹੈ। "ਅਦਾਲਤਾਂ ਦੀ ਲਿਖਤੀ ਭਾਸ਼ਾ ਸਿਰਫ਼ ਪੰਜਾਬੀ ਹੋਣੀ ਚਾਹੀਦੀ ਹੈ, ਪੰਜਾਬ ਦੇ ਜੱਜਾਂ, ਵਕੀਲਾਂ ਓਤੇ ਅਰਜ਼ੀ-ਨਵੀਸਾਂ ਲਈ ਘੱਟੋ-ਘੱਟ ਦਸਵੀਂ ਤੱਕ ਪੰਜਾਬੀ ਵਿਸ਼ਾ ਪਾਸ ਕੀਤਾ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ।"[8] ਸਰਕਾਰੀ ਅਦਾਰਿਆਂ ਵੱਲੋਂ ਸਾਰੇ ਸਰਕਾਰੀ ਬਿਆਨ,

---

[7] ਉਹੀ, ਪੰਨਾ- 11

[8] ਨੌਸ਼ਹਿਰਵੀ ਹਮਦਰਦਵੀਰ,ਪੰਜਾਬੀ ਸਾਹਿਤ ਤੇ ਸੱਭਿਆਚਾਰ, ਤਰਲੋਚਨ ਪਬਲਿਸ਼ਰ, ਚੰਡੀਗੜ੍ਹ, 2010, ਪੰਨਾ- 73

ਐਲਾਨ, ਸਰਕੂਲਰ, ਪ੍ਰੈਸ-ਨੋਟ ਸਿਰਫ਼ ਪੰਜਾਬੀ ਵਿੱਚ ਹੀ ਜਾਰੀ ਕੀਤੇ ਜਾਣ। "ਵਿਗਿਆਪਨ, ਨੌਕਰੀਆਂ ਲਈ ਇੰਟਰਵਿਊ-ਪੱਤਰ, ਨਿਯੁਕਤੀ-ਪੱਤਰ, ਸਿਰਫ਼ ਪੰਜਾਬੀ ਵਿੱਚ ਹੀ ਦਿੱਤੇ ਜਾਣ।"[9] ਪੰਜਾਬੀ ਪ੍ਰਤੀ ਪਾਠਕਾਂ ਦੀ ਖਿੱਚ ਦਾ ਕੇਂਦਰ ਲਾਇਬਰੇਰੀਆਂ ਹੁੰਦੀਆਂ ਹਨ। ਜਿਸ ਤਰ੍ਹਾਂ ਦੀਆਂ ਕਿਤਾਬਾਂ ਲਾਇਬਰੇਰੀਆਂ ਵਿੱਚ ਹੋਣਗੀਆਂ, ਪਾਠਕ ਵਰਗ ਦੀ ਦਿਲਚਸਪੀ ਵੀ ਉਸ ਤਰ੍ਹਾਂ ਦੀ ਹੀ ਹੋਵੇਗੀ। ਰਿਸ਼ਤਿਆ ਦੀਆਂ ਤੰਦਾਂ ਮਾਂ ਬੋਲੀ ਦੇ ਨਿੱਘ ਵਿੱਚ ਜੋੜੀਆਂ ਜਾਣ, ਅਖ਼ਬਾਰ, ਰਸਾਲੇ ਤੇ ਮਨੋਰੰਜਨ ਦੇ ਸਾਧਨ ਮਾਂ-ਬੋਲੀ ਵਿੱਚ ਅਪਣਾਏ ਜਾਣ। ਅੰਗਰੇਜ਼ੀ ਦਾ ਜਾਲ੍ਹਾ ਜੋ ਨੌਜਵਾਨਾਂ ਦੇ ਦਿਮਾਗਾਂ ਵਿੱਚ ਪੱਕੇ ਤੌਰ ਤੇ ਘਰ ਕਰ ਗਿਆ ਹੈ, ਉਸਨੂੰ ਸ਼ਹਿਦ ਤੋਂ ਮਿੱਠੀ ਤੇ ਸਾਦਗੀ ਭਰਪੂਰ ਮਾਂ-ਬੋਲੀ ਹੀ ਦੂਰ ਕਰ ਸਕਦੀ ਹੈ। ਇਸ ਜ਼ੁਬਾਨ ਨੇ ਹੀ ਅਜੋਕੀ ਤੇ ਭਵਿੱਖ ਦੀ ਸਾਡੀ ਜ਼ਿੰਦਗੀ ਦੇ ਵਿਚਾਰਾਂ ਤੇ ਅਮਲਾਂ ਦਾ ਹਾਣੀ ਹੋਣਾ ਹੈ। ਇਸ ਰਾਹੀਂ ਹੀ ਸਾਡੀ ਕੌਮੀ ਸ਼ਖ਼ਸੀਅਤ ਬਣਨੀ ਹੈ, ਉੱਸਰਨੀ ਹੈ। ਇਸੇ ਜ਼ੁਬਾਨ ਰਾਹੀਂ ਵਿੱਦਿਆ ਪ੍ਰਾਪਤ ਕਰਕੇ ਸਾਡੇ ਦਿਲ-ਦਿਮਾਗ ਰੌਸ਼ਨ ਹੋਣੇ ਹਨ।

ਜਿੰਨਾ ਚਿਰ ਪੰਜਾਬੀ ਰਾਜਸੀ, ਸਮਾਜਿਕ, ਆਰਥਿਕਤਾ, ਕਾਨੂੰਨ, ਰੁਜ਼ਗਾਰ ਤੇ ਗਿਆਨ-ਵਿਗਿਆਨ, ਕੰਪੀਟੀਸ਼ਨ ਲਈ ਤਿਆਰੀ ਦੀ ਭਾਸ਼ਾ ਨਹੀਂ ਬਣਦੀ ਉੰਨਾ ਚਿਰ ਪੰਜਾਬੀ ਪ੍ਰਤੀ ਆਉਣ ਵਾਲ਼ੀ ਪੀੜ੍ਹੀ ਦੇ ਬੱਚਿਆਂ ਦਾ ਵਤੀਰਾ ਮਤਰੇਆ ਹੀ ਰਹੇਗਾ। ਸੋ ਹਰ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ, ਮਾਤ-ਭੂਮੀ ਪ੍ਰਤੀ ਵਚਨਬੱਧ ਰਹਿਣ ਲਈ ਆਤਮਿਕ ਤੌਰ ਤੇ ਜਿਉਂਦਾ ਰਹਿਣਾ ਪਵੇਗਾ।

---

[9] ਉਹੀ, ਪੰਨਾ-76